ਗੁਪਤ

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਬੁੱਧਵਾਰ, ਮਿਤੀ 23 ਅਕਤੂਬਰ, 2013 ਨੂੰ 11.30 ਵਜੇ ਸਵੇਰੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।

ਹਾਜ਼ਰ:

1. ਡਾ. ਅ.ਸ. ਬਰਾੜ . . . (ਸਭਾਪਤੀ)
   ਉਪ-ਕੁਲਪਤੀ
2. ਡਾ. ਐਮ.ਐਸ. ਹੁੰਦਲ,
   ਡੀਨ, ਅਕਾਦਮਿਕ ਮਾਮਲੇ
3. ਡਾ. ਸੁਖਦੇਵ ਸਿੰਘ ਖਾਹਰਾ,
   ਡੀਨ, ਲੈਂਗੁਏਜਿਜ਼ ਫੈਕਲਟੀ।
4. ਡਾ. ਮਹਿਮੂਦ ਮੀਆਂ,
   ਡੀਨ, ਸਾਇੰਸਜ਼ ਫੈਕਲਟੀ।
5. ਡਾ. ਜੇ.ਐਸ. ਢਿਲੋਂ,
   ਡੀਨ, ਐਜੂਕੇਸ਼ਨ ਫੈਕਲਟੀ।
6. ਡਾ. ਬਲਵਿੰਦਰ ਸਿੰਘ,
   ਪ੍ਰੋਫੈਸਰ ਅਤੇ ਮੁਖੀ, ਕੈਮਿਸਟਰੀ ਵਿਭਾਗ।
7. ਡਾ. (ਮਿਸਿਜ਼) ਜਸਮੀਤ ਸੰਧੂ,
   ਪ੍ਰੋਫੈਸਰ ਅਤੇ ਮੁਖੀ, ਸੋਸ਼ਿਆਲੋਜੀ ਵਿਭਾਗ।
8. ਡਾ. ਜੋਤੀ ਬਿੰਦਰਾ,
   ਪ੍ਰਿੰਸੀਪਲ, ਆਰ.ਆਰ.ਐਮ.ਕੇ. ਆਰੀਆ ਮਹਿਲਾ ਮਹਾਂਵਿਦਿਆਲਾ, ਪਠਾਨਕੋਟ।
9. ਡਾ. ਪਰਮਜੀਤ ਕੌਰ,
   ਪਿੰਸੀਪਲ, ਗੌਰਮਿੰਟ ਆਰਟਸ ਐਂਡ ਸਪੋਰਟਸ ਕਾਲਜ, ਜਲੰਧਰ।
10. ਡਾ. ਡੀ.ਐਨ. ਜੌਹਰ, ਚੰਡੀਗੜ੍ਹ।
11. ਸ. ਜਗਦੀਸ਼ ਸਿੰਘ, ਅੰਮ੍ਰਿਤਸਰ।
12. ਕੈਪਟਨ ਬਲਬੀਰ ਸਿੰਘ ਬਾਠ
13. ਸ. ਲਖਬੀਰ ਸਿੰਘ ਲੋਧੀਨੰਗਲ
14. ਡਾ. ਵਿਨੈ ਕਪੂਰ ਮਹਿਰਾ
15. ਡਾ. ਇੰਦਰਜੀਤ ਸਿੰਘ, . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਸਿੰਡੀਕੇਟ ਦੇ ਪਹਿਲਾਂ ਰਹਿ ਚੁੱਕੇ ਮੈਂਬਰ- ਡਾ. ਡੈਰਿਕ ਏਂਜਲਜ਼ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਉਪ-ਕੁਲਪਤੀ ਸਾਹਿਬ ਨੇ ਦਸਿੱਆ ਕਿ ਸਿੰਡੀਕੇਟ ਉੱਤੇ ਡਾ. (ਮਿਸਿਜ਼) ਜਸਮੀਤ ਸੰਧੂ, ਕੈਪਟਨ ਬਲਬੀਰ ਸਿੰਘ ਬਾਠ, ਸ. ਲਖਬੀਰ ਸਿੰਘ ਲੋਧੀਨੰਗਲ ਅਤੇ ਡਾ. ਵਿਨੈ ਕਪੂਰ ਮਹਿਰਾ ਦੀ ਨਵੇਂ ਮੈਂਬਰ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਇੱਕਤਰਤਾ ਵਿਚ ਸ਼ਾਮਲ ਹੋਣ ਲਈ ਆਏ ਸਮੂਹ

ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਣ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 30.8.2013 ਦੀ ਕਾਰਵਾਈ ਦੀ ਸੋਧ ਸਹਿਤ ਪੁਸ਼ਟੀ।**
ਪੈਰਾ ਨੰ: 46

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇਕੱਤਰਤਾ ਮਿਤੀ 30.8.2013 ਦੀ ਕਾਰਵਾਈ ਦੀ ਪੁਸ਼ਟੀ ਪੈਰਾ ਨੰ: 46 ਵਿਚ ਹੇਠ ਲਿਖੀ ਸੋਧ ਸਹਿਤ ਕੀਤੀ ਜਾਂਦੀ ਹੈ:-

| ਵਰਤਮਾਨ ਮਤਾ | ਸੋਧਿਆ ਮਤਾ |
|---|---|
| (ੳ) **ਪਾਸ ਹੋਇਆ** ਕਿ ਪ੍ਰਿੰਸੀਪਲ ਸਕੱਤਰ, ਗਵਰਨਰ ਪੰਜਾਬ (ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਦੇ ਪੱਤਰ ਨੰ: 5/7/12-2G-PRB/5140 ਮਿਤੀ 24.7.2013 ਨੂੰ ਮੁੱਖ ਰੱਖਦਿਆਂ ਯੂਨੀਵਰਸਿਟੀ ਕਰਮਚਾਰੀਆਂ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਸਬੰਧੀ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਤੇ ਅਧਿਆਦੇਸ਼ 33(ii) ਅਤੇ 42 ਵਿਚ **ਅੰਤਿਕਾ** ਅਨੁਸਾਰ ਸੋਧ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ। | **ਪਾਸ ਹੋਇਆ** ਕਿ ਪ੍ਰਿੰਸੀਪਲ ਸਕੱਤਰ, ਗਵਰਨਰ ਪੰਜਾਬ (ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਦੇ ਪੱਤਰ ਨੰ: 5/7/12-2G-PRB/5140ਮਿਤੀ 24.7.2013 ਨੂੰ ਮੁੱਖ ਰੱਖਦਿਆਂ ਯੂਨੀਵਰਸਿਟੀ ਕਰਮਚਾਰੀਆਂ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਸਬੰਧੀ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਤੇ ਸਟੈਚਿਊਟ 33(ii) ਅਤੇ 42 ਵਿਚ **ਅੰਤਿਕਾ** ਅਨੁਸਾਰ ਸੋਧ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ। |

(ਅ) ਅੰਤਿਕਾ 46 ਦੀ ਪਹਿਲੀ ਲਾਈਨ ਵਿਚ ਸ਼ਬਦ 'ਆਰਡੀਨੈਂਸ' ਦੀ ਥਾਂ "ਸਟੈਚਿਊਟ", ਸਿਰਲੇਖ- Existing/Proposed 'Ordinance' ਦੀ ਥਾਂ ਸ਼ਬਦ 'Statute' ਪੜ੍ਹੇ ਜਾਣ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 30.8.2013 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਮਿਤੀ 30.8.2013 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ।

**ਸਬੰਧਤ ਅਧਿਆਪਕ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੀ ਪੁਸ਼ਟੀ।**

3. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕ ਨੂੰ, ਉਸ ਦੇ ਨਾਮ ਅੱਗੇ ਦਰਸਾਏ ਵੇਰਵੇ ਅਨੁਸਾਰ ਕਾਨਫਰੰਸ ਵਿਚ ਭਾਗ ਲੈਣ ਲਈ ਕੁਲ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ XIIth Plan Period ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਦੀ ਪਰਵਾਨਗੀ ਦਿੱਤੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ | ਕਾਨਫਰੰਸ ਬਾਰੇ ਵੇਰਵਾ |
|---|---|---|
| 1. | ਮਿਸ. ਵਰਿੰਦਰ ਕੌਰ, ਸੀਨੀਅਰ ਲੈਕਚਰਾਰ, ਕੈਮਿਸਟਰੀ ਵਿਭਾਗ | For attending the 12th Asian Textile Conference to be held in Shanghai, China from 23-26 October, 2013. |

**ਡਾ. ਪਰਮਜੀਤ ਸਿੰਘ, ਪ੍ਰੋਫੈਸਰ ਸੋਸ਼ਿਆਲੋਜੀ ਵਿਭਾਗ ਦੀ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਦੀ ਪੁਸ਼ਟੀ ਅਤੇ ਛੁੱਟੀ ਦੌਰਾਨ ਉਨ੍ਹਾਂ ਨੂੰ ਦਫਤਰੀ ਰਿਹਾਇਸ਼ ਦੇਣ ਦੀ ਪਰਵਾਨਗੀ।**

4. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਪਰਮਜੀਤ ਸਿੰਘ, ਪ੍ਰੋਫੈਸਰ, ਸੋਸ਼ਿਆਲੋਜੀ ਵਿਭਾਗ ਨੂੰ ਇੰਡੀਅਨ ਕੌਂਸਲ ਫਾਰ ਸੋਸ਼ਲ ਸਾਇੰਸ (ICSSR), ਨਵੀਂ ਦਿੱਲੀ ਦੀ Dr. B.R. Ambedkar National Fellowship (for studies in social justice) ਅਵੇਲ ਕਰਨ ਲਈ ਮਿਤੀ 1.12.2013 ਤੋਂ 30.11.2015 ਤੱਕ ਦੋ ਸਾਲ ਦੀ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਪਰਵਾਨ ਕੀਤੀ ਹੈ।

(ਅ) ਉਕਤ (ੳ) ਅਧੀਨ ਡਾ. ਪਰਮਜੀਤ ਸਿੰਘ ਦੀ ਫੈਲੋਸ਼ਿਪ ਅਕਾਦਮਿਕ ਕਾਰਜ ਨਾਲ ਸਬੰਧਤ ਹੋਣ ਕਾਰਣ ਛੁੱਟੀ ਦੌਰਾਨ ਉਨ੍ਹਾਂ ਨੂੰ ਵਿਭਾਗੀ ਦਫਤਰ ਅਤੇ ਦਫਤਰੀ ਰਿਹਾਇਸ਼ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ ਕਿਉਂਜੋ ਉਨ੍ਹਾਂ ਅੰਮ੍ਰਿਤਸਰ ਵਿਖੇ ਹੀ ਰਹਿਣਾ ਹੈ।।

**ਡਾ. ਸੁਖਦੇਵ ਸਿੰਘ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਸਰੀਰੀਕ ਸਿੱਖਿਆ ਵਿਭਾਗ (ਟੀਚਿੰਗ) ਦੀ ਛੁੱਟੀ ਦੌਰਾਨ ਵਿਭਾਗ ਦੇ ਨਿਤਾ ਪ੍ਰਤੀ ਦਾ ਕੰਮ ਡੀਨ, ਅਕਾਦਮਿਕ ਮਾਮਲੇ ਨੂੰ ਸੌਂਪਣ ਦੀ ਪੁਸ਼ਟੀ।**

5. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਸੁਖਦੇਵ ਸਿੰਘ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਸਰੀਰੀਕ ਸਿੱਖਿਆ ਵਿਭਾਗ (ਟੀਚਿੰਗ) ਦੀ ਮਿਤੀ 7.10.2013 ਤੋਂ 8.11.2013 ਤੱਕ 33 ਦਿਨਾਂ ਦੀ ਕਮਾਈ ਛੁੱਟੀ ਦੌਰਾਨ ਵਿਭਾਗ ਦੇ ਨਿਤਾ ਪ੍ਰਤੀ ਦੇ ਕੰਮ ਦੀ ਜਿੰਮੇਵਾਰੀ ਡੀਨ, ਅਕਾਦਮਿਕ ਮਾਮਲੇ ਨੂੰ ਸੌਂਪੀ ਹੈ।

**ਡਾ. ਹਰਮੀਨ ਕੌਰ ਸੋਚ, ਅਸਿਸਟੈਂਟ ਪ੍ਰੋਫੈਸਰ, ਕਾਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਦੇ ਅਸਤੀਫੇ ਦੀ ਪੁਸ਼ਟੀ ਅਤੇ ਨੋਟਿਸ ਪੀਰੀਅਡ ਦੀ ਸ਼ਰਤ ਤੋਂ ਛੋਟ ਦੇਣ ਸਬੰਧੀ।**

6. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਹਰਮੀਨ ਕੌਰ ਸੋਚ, ਅਸਿਸਟੈਂਟ ਪ੍ਰੋਫੈਸਰ, ਕਾਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਦਾ ਸਿੰਡੀਕੇਟ ਦੁਆਰਾ ਪਰਵਾਨ ਹੋਣ ਦੀ ਸ਼ਰਤ 'ਤੇ ਮਿਤੀ 29.8.2013 (ਬਾਅਦ ਦੁਪਹਿਰ) ਤੋਂ ਅਸਤੀਫਾ ਪਰਵਾਨ ਕੀਤਾ ਹੈ।

(ਅ) ਉਕਤ (ੳ) ਅਧੀਨ ਡਾ. ਹਰਮੀਨ ਕੌਰ ਸੋਚ ਨੂੰ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਦੀ ਸ਼ਰਤ ਵਿਚ ਛੋਟ ਦਿੱਤੀ ਜਾਂਦੀ ਹੈ।

**ਡਾ. ਹਰਿੰਦਰਪਾਲ ਸਿੰਘ, ਸੀਨੀਅਰ ਮੈਡੀਕਲ ਅਫਸਰ, ਸਿਹਤ ਕੇਂਦਰ ਦੀ ਮੁੜ-ਨਿਯੁਕਤੀ।**

7. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਹੋਈ ਕਿ ਡਾ. ਹਰਿੰਦਰਪਾਲ ਸਿੰਘ, ਸੀਨੀਅਰ ਮੈਡੀਕਲ ਅਫਸਰ, ਸਿਹਤ ਕੇਂਦਰ ਜੋ ਮਿਤੀ 31.10.2013 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਰਹੇ ਹਨ, ਨੂੰ ਸਪੈਸ਼ਲ ਕੇਸ ਵਜੋਂ ਨਿਯਮਾਂ ਅਨੁਸਾਰ ਮਿਲਣਯੋਗ ਤਨਖਾਹ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਇਕ ਸਾਲ ਲਈ ਮੁੜ-ਨਿਯੁਕਤ ਕੀਤਾ ਜਾਵੇ। ਉਹ ਪਹਿਲਾਂ ਵਾਂਗ ਹੀ ਆਪਣੀ ਡਿਊਟੀ ਨਿਭਾਉਣਗੇ ਅਤੇ ਉਨ੍ਹਾਂ ਨੂੰ ਯੂਨੀਵਰਸਿਟੀ ਕੈਂਪਸ ਵਿਖੇ ਰਿਹਾਇਸ਼ ਦਿੱਤੀ ਜਾਵੇਗੀ।

**ਪਾਸ ਹੋਇਆ** ਕਿ ਡਾ. ਹਰਿੰਦਰਪਾਲ ਸਿੰਘ, ਸੀਨੀਅਰ ਮੈਡੀਕਲ ਅਫਸਰ, ਸਿਹਤ ਕੇਂਦਰ ਜੋ ਮਿਤੀ 31.10.2013 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਰਹੇ

ਹਨ, ਨੂੰ ਸਪੈਸ਼ਲ ਕੇਸ ਵਜੋਂ ਨਿਯਮਾਂ ਅਨੁਸਾਰ ਮਿਲਣਯੋਗ ਤਨਖਾਹ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਦੋ ਸਾਲ ਲਈ ਮੁੜ-ਨਿਯੁਕਤ ਕੀਤਾ ਜਾਂਦਾ ਹੈ।

ਸਬੰਧਤ ਕਰਮਚਾਰੀਆਂ ਦੀ ਮੁੜ-ਨਿਯੁਕਤੀ ਦੀ ਪੁਸ਼ਟੀ।

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਸੇਵਾ-ਮੁਕਤ ਇਲੈਕਟ੍ਰੀਸ਼ੀਅਨ ਗ੍ਰੇਡ-I ਨੂੰ ਛੇ ਮਹੀਨੇ ਲਈ ਕੰਟ੍ਰੈਕਟ ਆਧਾਰ 'ਤੇ 8000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਪਹਿਲੀਆਂ ਬਾਨ੍ਹਾਂ ਅਤੇ ਸ਼ਰਤਾਂ 'ਤੇ ਮੁੜ-ਨਿਯੁਕਤ ਕੀਤਾ ਹੈ। ਉਨ੍ਹਾਂ ਦੀ ਇਹ ਨਿਯੁਕਤੀ ਡਿਊਟੀ 'ਤੇ ਹਾਜਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ:-

1. ਸ੍ਰੀ ਨਰਿੰਦਰ ਸਿੰਘ
2. ਸ. ਗੁਰਦੇਵ ਸਿੰਘ

ਖੁਦਮੁਖਤਾਰ (Autonomous) ਕਾਲਜਾਂ ਤੋਂ ਵਸੂਲ ਕੀਤੀ ਜਾਣ ਵਾਲੀ ਫੀਸ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

9. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਖੁਦਮੁਖਤਾਰ (Autonomous) ਕਾਲਜਾਂ ਤੋਂ ਵਸੂਲ ਕੀਤੀ ਜਾਣ ਵਾਲੀ ਫੀਸ ਸਬੰਧੀ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 18.9.2013 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

ਸ੍ਰੀ ਰਾਮਾਚੰਦਰਾ ਯੂਨੀਵਰਸਿਟੀ, ਚੇਨੱਈ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ MOU ਦੀ ਪਰਵਾਨਗੀ।

10. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਰਾਮਾਚੰਦਰਾ ਯੂਨੀਵਰਸਿਟੀ, ਚੇਨੱਈ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਅਦਲਾ ਬਦਲੀ (Exchange purpose) ਅਤੇ ਅਕਾਦਮਿਕ ਖੇਤਰ ਵਿਚ ਸਹਿਯੋਗ ਲਈ ਸਪੋਰਟਸ ਮੈਡੀਸਨ ਫੈਕਲਟੀ ਨਾਲ ਸਬੰਧਤ **ਅੰਤਿਕਾ** ਅਨੁਸਾਰ MOU ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਵਾਪਸ ਲਈ ਗਈ ਮੱਦ।

11. ਹੇਠ ਲਿਖੀ ਮੱਦ ਵਾਪਸ ਲਈ ਗਈ:-

"ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਕਰਨੀ ਕਿ ਯੂਨੀਵਰਸਿਟੀ ਕਾਲਜਾਂ ਵਿਖੇ ਜਿਹੜੇ ਪ੍ਰਿੰਸੀਪਲ ਦੋ ਸਾਲ ਤੋਂ ਜਿਆਦਾ ਸਮੇਂ ਲਈ ਕੰਟ੍ਰੈਕਟ ਆਧਾਰ ਤੇ ਨਿਯੁਕਤ ਹਨ ਅਤੇ UGC ਅਨੁਸਾਰ ਨਿਯੁਕਤੀ ਵੀ ਕੰਟ੍ਰੈਕਟ ਆਧਾਰ 'ਤੇ ਹੈ, ਨੂੰ ਸਾਲ ਵਿਚ 20 ਇਤਫਾਕੀਆ ਅਤੇ 5 ਕੰਪਨਸੇਟਰੀ ਛੁੱਟੀਆਂ ਦੇਣ ਦੀ ਪਰਵਾਨਗੀ ਦਿੱਤੀ ਜਾਵੇ"।

ਬੀ.ਟੈਕ. (ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ) ਸਮੈਸਟਰ-ਤੀਜਾ ਵਿਚ ਦੋ ਵਿਦਿਆਰਥੀਆਂ ਨੂੰ ਲੇਟ ਫੀਸ ਨਾਲ ਦਾਖਲੇ ਦੀ ਪੁਸ਼ਟੀ।

12. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਵਿਦਿਆਰਥੀਆਂ ਦਾ ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ 5000/- ਰੁਪਏ ਲੇਟ ਫੀਸ ਨਾਲ ਦਾਖਲਾ ਪਰਵਾਨ ਕੀਤਾ ਹੈ:-

1. ਦਿਕਸ਼ਾ ਰਾਣੀ, ਬੀ.ਟੈਕ. (CSE) ਸਮੈਸਟਰ-ਤੀਜਾ, 2012CSA1044
2. ਅਮਿਤ ਸ਼ਰਮਾ, ਬੀ.ਟੈਕ. (CE) ਸਮੈਸਟਰ-ਤੀਜਾ, 2012CSA2006

ਬੀ.ਟੈਕ. (CSE) ਸਮੈਸਟਰ-ਤੀਜਾ ਵਿਚ ਦੋ ਵਿਦਿਆਰਥੀਆਂ ਨੂੰ ਬਿਨ੍ਹਾਂ ਲੇਟ ਫੀਸ ਨਾਲ ਦਾਖਲੇ ਦੀ ਵਿਸ਼ੇਸ਼ ਆਗਿਆ ਦੀ ਪੁਸ਼ਟੀ।

13. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਰਿਜਨਲ ਕੈਂਪਸ, ਸਠਿਆਲਾ ਵਿਖੇ ਗਰੀਬ ਪਰਿਵਾਰ ਦੇ ਹੇਠ ਲਿਖੇ ਵਿਦਿਆਰਥੀ, ਜੋ ਬੈਂਕ ਲੋਨ ਪਾਸ ਨਾ ਹੋਣ ਕਾਰਣ ਬੀ.ਟੈਕ. (CSE) ਸਮੈਸਟਰ-ਤੀਜਾ ਵਿਚ ਸਮੇਂ ਸਿਰ ਦਾਖਲਾ ਨਹੀਂ ਲੈ ਸਕੇ, ਨੂੰ ਬਿਨਾਂ ਲੇਟ ਫੀਸ ਨਾਲ ਦਾਖਲੇ ਦੀ ਵਿਸ਼ੇਸ਼ ਆਗਿਆ ਦਿੱਤੀ ਹੈ:-

1. ਭੁਪੇਸ਼ ਕੁਮਾਰ
2. ਦੀਵਾਂਸ਼ੂ

ਬੀ.ਟੈਕ. (CSE) ਦੇ ਵਿਦਿਆਰਥੀ- ਆਯੁਸ਼ ਗੋਇਲ ਨੂੰ ਲੇਟ ਫੀਸ ਨਾਲ ਕੋਰਸ ਦੇ ਪਹਿਲੇ ਸਮੈਸਟਰ ਵਿਚ ਮੁੜ-ਦਾਖਲੇ ਦੀ ਪੁਸ਼ਟੀ।

14. ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਬੀ.ਟੈਕ.(CSE) ਸਮੈਸਟਰ-ਦੂਜਾ ਦੇ ਵਿਦਿਆਰਥੀ- ਆਯੁਸ਼ ਗੋਇਲ, ਜਿਸ ਦੀ CGPA 4.5 ਤੋਂ ਘੱਟ ਹੋਣ ਕਾਰਣ ਉਸਦਾ ਨਤੀਜਾ ਫੇਲ੍ਹ ਘੋਸ਼ਿਤ ਹੋਣ ਕਾਰਣ ਤੀਜੇ ਸਮੈਸਟਰ ਵਿਚ ਪ੍ਰਮੋਟ ਨਹੀਂ ਕੀਤਾ ਗਿਆ, ਨੂੰ ਕੋਰਸ ਦੇ ਪਹਿਲੇ ਸਮੈਸਟਰ ਵਿਚ ਨਿਯਮਾਂ ਅਨੁਸਾਰ ਬਣਦੀ ਲੇਟ ਫੀਸ ਨਾਲ ਵਿਸ਼ੇਸ਼ ਕੇਸ ਵਜੋਂ ਮੁੜ-ਦਾਖਲਾ ਦਿੱਤਾ ਹੈ।

ਯੂਨੀਵਰਸਿਟੀ ਕਾਲਜ, ਵੇਰਕਾ ਵਿਖੇ ਵਿਦਿਆਰਥੀਆਂ ਦਾ ਲੇਟ ਦਾਖਲਾ।

15. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕਾਲਜ, ਵੇਰਕਾ ਵਿਖੇ **ਅੰਤਿਕਾ** ਵਿਚ ਦਰਸਾਏ ਅਨੁਸਾਰ ਵੱਖ-ਵੱਖ ਕਲਾਸਾਂ ਵਿਚ 5000/- ਰੁਪਏ ਲੇਟ ਫੀਸ ਨਾਲ ਵਿਦਿਆਰਥੀਆਂ ਦਾ ਲੇਟ ਦਾਖਲਾ ਪਰਵਾਨ ਕੀਤਾ ਜਾਂਦਾ ਹੈ।

ਵੱਖ-ਵੱਖ ਵਿਦਿਆਰਥੀਆਂ ਦਾ ਦਾਖਲਾ/ ਅਗਲੀਆਂ ਕਲਾਸਾਂ ਵਿਚ ਪ੍ਰਮੋਟ ਹੋ ਰਹੇ ਵਿਦਿਆਰਥੀਆਂ ਦਾ ਲੇਟ ਫੀਸ ਨਾਲ ਦਾਖਲਾ।

16. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ **ਅੰਤਿਕਾ** ਵਿਚ ਦਰਸਾਏ ਵੱਖ-ਵੱਖ ਵਿਦਿਆਰਥੀਆਂ ਦਾ ਦਾਖਲਾ/ ਅਗਲੀਆਂ ਕਲਾਸਾਂ ਵਿਚ ਪ੍ਰਮੋਟ ਹੋ ਰਹੇ ਵਿਦਿਆਰਥੀਆਂ ਦਾ ਦਾਖਲਾ 5000/- ਰੁਪਏ ਲੇਟ ਫੀਸ ਨਾਲ ਪਰਵਾਨ ਕੀਤਾ ਜਾਂਦਾ ਹੈ।

ਸਬੰਧਤ ਸ਼ਾਖਾਵਾਂ/ ਵਿਭਾਗਾਂ ਦਾ ਸਮਾਨ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।

17. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਜਨਰਲ ਸ਼ਾਖਾ ਵਿਖੇ 279327.26/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 11.9.2013 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

(ਅ) ਡੀਨ, ਵਿਦਿਆਰਥੀ ਭਲਾਈ ਦਫਤਰ ਵਿਖੇ 155693.63/- ਰੁਪਏ ਅਤੇ 64251/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ

ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 30.9.2013 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

(ੲ) ਫਿਜ਼ਿਕਸ ਵਿਭਾਗ ਵਿਖੇ 5862552/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 4.10.2013 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

**ਸ੍ਰੀ ਜਸਵਿੰਦਰ ਸਿੰਘ, ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ ਦੀ ਸਟੱਡੀ ਲੀਵ ਦੀ ਪੁਸ਼ਟੀ।**

18. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਟੱਡੀ ਲੀਵ ਕੇਸਾਂ 'ਤੇ ਵਿਚਾਰ ਹਿਤ ਗਠਿਤ ਐਡਵਾਈਜ਼ਰੀ ਕਮੇਟੀ ਦੀ ਇੱਕਤਰਤਾ ਮਿਤੀ 13.9.2013 ਦੀ ਸਿਫਾਰਸ਼ (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਜਸਵਿੰਦਰ ਸਿੰਘ, ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ ਨੂੰ ਪੀਐਚ.ਡੀ. ਸਬੰਧੀ ਖੋਜ ਕਾਰਜ ਪੂਰਾ ਕਰਨ ਹਿਤ ਮਿਤੀ 30.9.2013 ਤੋਂ 30.4.2014 ਤੱਕ ਪੂਰੀ ਤਨਖਾਹ 'ਤੇ ਸਟੱਡੀ ਲੀਵ ਪਰਦਾਨ ਕੀਤੀ ਹੈ।

**ਸਬੰਧਤ ਉਮੀਦਵਾਰਾਂ ਨੂੰ ਪੀਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

19. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| **ਕ੍ਰਮ ਨੰ:** | **ਨਾਮ** | **ਥੀਸਿਸ ਦਾ ਸਿਰਲੇਖ** | **ਵਿਸ਼ਾ ਤੇ ਫੈਕਲਟੀ** |
|---|---|---|---|
| 1. | ਧਰਮਿੰਦਰ ਸ਼ਰਮਾ | Methodology Development Towards Carbon-Carbon Bond Formation and Their Synthetic Applications. | ਕੈਮਿਸਟਰੀ- ਸਾਇੰਸਜ਼ ਫੈਕਲਟੀ। |
| 2. | ਬਲਜੀਤ ਸਿੰਘ | ਪੰਜਾਬ ਦੀਆਂ ਲੋਕ-ਦੇਵੀਆਂ ਨਾਲ ਸਬੰਧਿਤ ਲੋਕ-ਸਾਹਿਤ ਦਾ ਸਭਿਆਚਾਰਕ ਮਾਨਵ-ਵਿਗਿਆਨਕ ਅਧਿਐਨ। | ਪੰਜਾਬੀ- ਲੈਂਗੁਏਜ਼ਿਜ਼ ਫੈਕਲਟੀ। |
| 3. | ਰੀਨਾ ਕੁਮਾਰੀ | ਪੰਜਾਬੀ ਕਿੱਸਿਆਂ ਵਿੱਚ ਸਮਾਜਿਕ ਜੀਵਨ ਦੇ ਬਦਲਦੇ ਪਰਿਪੇਖ (1850 ਤੋਂ ਬਾਅਦ ਦੇ ਕਿੱਸਿਆਂ ਦੇ ਵਿਸ਼ੇਸ਼ ਸੰਦਰਭ ਵਿੱਚ)। | - ਉਹੀ - |
| 4. | ਹਰਕੰਵਲ ਕੋਰਪਲ ਅਲਿਆਸ ਬਾਲ ਕ੍ਰਿਸ਼ਨ ਕੋਰਪਲ | ਪੰਜਾਬੀ ਪੱਤਰਕਾਰੀ ਦੇ ਵਿਚਾਰਧਾਰਾਈ ਆਧਾਰ (1975 ਤੋਂ 1995 ਤੱਕ) | - ਉਹੀ - |
| 5. | Mabwoga Okongo Samson | Ecological characterization of Harike Wetland, a Ramsar Site, using Remote Sensing. | ਬੋਟਾਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼- ਲਾਈਫ ਸਾਇੰਸਜ਼ ਫੈਕਲਟੀ। |
| 6. | ਮਨਪ੍ਰੀਤ ਸਿੰਘ ਭੱਟੀ | Removal of Chromium from Wastewater using Electrocoagulation. | - ਉਹੀ - |

| | | | |
|---|---|---|---|
| 7. | ਬਲਵਿੰਦਰ ਸਿੰਘ | Spatial Patterns, Life Styles and Heritage Conservation: A Study of the Walled City of Amritsar. | ਸੋਸ਼ਿਆਲੋਜੀ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |
| 8. | ਬਾਲੀ ਬਹਾਦੁਰ | Emigration of the Punjabi Dalits to the Middle East: A Sociological Study. | - ਉਹੀ - |
| 9. | Tabasum Kawoosa | Cloning and Characterization of Upstream Sequences of Selected Genes of Isoprenoid Biosynthetic Pathway of Picrorhiza Kurrooa Royle ex Benth. | ਬਾਇਓ-ਟੈਕਨਾਲੋਜੀ- ਲਾਈਫ ਸਾਇੰਸਜ਼ ਫੈਕਲਟੀ। |
| 10. | ਆਸ਼ੂਤੋਸ਼ ਸ਼ਰਮਾ | Study of Leaf Spot Disease in Withania somnifera (L.) Dunal Employing Morphological, Biochemical and Molecular Approaches. | - ਉਹੀ - |
| 11. | ਵਿਨੀਤ ਕੁਮਾਰ | Characterization of Silver and Gold Nanoparticles Synthesized using Medicinally Important Plant Extracts. | - ਉਹੀ - |
| 12. | ਰਜਨੀ ਬਾਲਾ ਗੁਲਾਟੀ | Perspectives of Medical Genetic Advances of People of Amritsar. | ਹਿਊਮਨ ਜੈਨੇਟਿਕਸ- ਲਾਈਫ ਸਇੰਸਜ਼ ਫੈਕਲਟੀ। |
| 13. | ਅਰਚਨਾ ਖੰਨਾ | Study on Handgrip strength and its Association with Various Anthropometric Characteristics. | ਸਪੋਰਟਸ ਮੈਡੀਸਨ ਤੇ ਫਿਜ਼ੀਓਥਰਾਪੀ- ਸਪੋਰਟਸ ਮੈਡੀਸਨ ਤੇ ਫਿਜ਼ੀਓਥਰਾਪੀ ਫੈਕਲਟੀ। |
| 14. | ਹਵਾ ਸਿੰਘ | Investigation into the Role of Personal Characteristics and Social Support Systems in Depression among HIV/AIDS Patients. | ਸਾਈਕਾਲੋਜੀ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |

**ਉਪ-ਕੁਲਪਤੀ ਸਾਹਿਬ ਦਾ ਬਿਆਨ।**

20. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ:-

1. ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਵਲੋਂ ਮਿਤੀ 2-3 ਸਤੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਅਤੇ ਇਸਦਾ ਸੰਗੀਤਕ ਮਹੱਤਵ ਵਿਸ਼ੇ 'ਤੇ ਦੋ ਰੋਜ਼ਾ ਸੈਮੀਨਾਰ ਕਰਵਾਇਆ ਗਿਆ।

2. ਯੂਥ ਵੈਲਫੇਅਰ ਵਿਭਾਗ ਵਲੋਂ ਮਿਤੀ 5-7 ਸਤੰਬਰ ਨੂੰ ਡਾਂਸ, ਥੀਏਟਰ ਅਤੇ ਮਿਊਜ਼ਿਕ ਤੇ ਵਰਕਸ਼ਾਪ ਕਰਵਾਈ ਗਈ।

3. ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਵਲੋਂ ਮਿਤੀ 25 ਸਤੰਬਰ ਨੂੰ ਇਸਤਰੀ-ਪੁਰਸ਼ ਸਮਾਨਤਾ ਵਿਸ਼ੇ 'ਤੇ ਸਿੰਪੋਜ਼ੀਅਮ ਕਰਵਾਇਆ ਗਿਆ।

4. ਸੰਸਕ੍ਰਿਤ, ਪਾਲੀ ਅਤੇ ਪ੍ਰਾਕ੍ਰਿਤ ਵਿਭਾਗ ਵਲੋਂ ਮਿਤੀ 27 ਅਤੇ 28 ਸਤੰਬਰ ਨੂੰ ਭਾਸ਼ਾ ਤਥਾ ਸਾਹਿਤ ਕੇ ਤੁਲਨਾਤਮਕ ਵਿਸ਼ੇ 'ਤੇ ਦੋ ਦਿਨਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ।

5. ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ, ਨਵੀਂ ਦਿੱਲੀ ਦੇ ਚੇਅਰਮੈਨ ਪ੍ਰੋਫੈਸਰ ਵੇਦ ਪ੍ਰਕਾਸ਼ ਨੇ ਮਿਤੀ 11 ਅਕਤੂਬਰ ਨੂੰ ਯੂਨੀਵਰਸਿਟੀ ਕੈਂਪਸ ਵਿਖੇ ਅਕਾਦਮਿਕ ਸਟਾਫ ਕਾਲਜ ਦੇ ਨਵੇਂ ਬਣੇ ਗੈਸਟ ਹਾਊਸ ਦਾ ਉਦਘਾਟਨ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨੇ ਯੂਨੀਵਰਸਿਟੀ ਨਾਲ ਸੰਬੰਧਤ ਕਾਲਜਾਂ ਦੇ ਪ੍ਰਿੰਸੀਪਲ, ਡੀਨ, ਫੈਕਲਟੀ ਅਤੇ ਵਿਭਾਗਾਂ ਦੇ ਮੁਖੀਆਂ ਨੂੰ ਸੰਬੋਧਿਤ ਕੀਤਾ ਅਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ ਯੂਨੀਵਰਸਿਟੀਆਂ ਲਈ ਲਾਗੂ ਕੀਤੀਆਂ ਜਾ ਰਹੀਆਂ ਨਵੀਆਂ ਸਕੀਮਾਂ ਬਾਰੇ ਜਾਣੂ ਕਰਵਾਇਆ।

6. ਆਲ ਇੰਡੀਆ ਸਰਵਿਸਿਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੇਟਿਵ ਐਗਜ਼ਾਮੀਨੇਸ਼ਨਜ਼ ਦੇ ਯਤਨਾਂ ਸਦਕਾ ਇਸ ਵਾਰ 12 ਵਿਦਿਆਰਥੀ ਉੱਚ ਪਦਵੀਆਂ ਲਈ ਚੁਣੇ ਗਏ। (ਪੀ.ਸੀ.ਐਸ. ਨਿਯੁਕਤ ਹੋਏ: 1, ਪੰਜਾਬ ਸਿਵਲ ਸਰਵਿਸਿਜ਼ ਦੀ ਪ੍ਰੀਖਿਆ ਪਾਸ ਕੀਤੀ: 6, ਸੈਂਟਰਲ ਸਿਵਲ ਸਰਵਿਸਿਜ਼: 1, ਬੈਂਕ ਪ੍ਰੋਬੇਸਨਰੀ ਅਫਸਰ: 2, ਪੰਜਾਬ ਮੰਡੀ ਬੋਰਡ ਵਿਚ ਇੰਸਪੈਕਟਰ: 1 ਅਤੇ ਯੂਨੀਵਰਸਿਟੀ ਕਾਲਜ ਵਿਚ ਅਸਿਸਟੈਂਟ ਪ੍ਰੋਫੈਸਰ: 1)।

7. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਵੱਖ-ਵੱਖ ਨੈਸ਼ਨਲ/ ਮਲਟੀ ਨੈਸ਼ਨਲ ਕੰਪਨੀਆਂ ਵਲੋਂ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਬੈਚ-2014 ਦੇ ਕੁੱਲ 235 ਵਿਦਿਆਰਥੀਆਂ ਨੂੰ ਰੋਜ਼ਗਾਰ ਦੀ ਪੇਸ਼ਕਸ਼ ਕੀਤੀ ਗਈ ਹੈ।

8. ਡਾ. ਸੁਭੀਤ ਜੈਨ ਨੂੰ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ, ਨਵੀਂ ਦਿੱਲੀ ਵਲੋਂ Modernization and Removal of Obsolescence Scheme ਅਧੀਨ ਫਾਰਮਾਸਿਊਟੀਕਲ ਵਿਭਾਗ ਦੀ ਰਿਸਰਚ ਲੈਬਾਰਟਰੀ ਨੂੰ modernize ਕਰਨ ਲਈ 18.50 ਲੱਖ ਰੁਪਏ ਦੀ Grant-in-Aid ਪ੍ਰਾਪਤ ਹੋਈ ਹੈ।

9. ਯੂਨੀਵਰਸਿਟੀ ਦੇ ਖਿਡਾਰੀ ਅਭਿਸ਼ੇਕ ਵਰਮਾ ਨੇ ਮਿਤੀ 29 ਸਤੰਬਰ-6 ਅਕਤੂਬਰ ਨੂੰ Turkey ਵਿਖੇ ਹੋਈ World Archery Championship ਦੀ mix team ਵਿਚ ਚੌਥਾ ਸਥਾਨ ਹਾਸਲ ਕੀਤਾ। ਅਭਿਸ਼ੇਕ ਵਰਮਾ ਭਾਰਤ ਦੀ ਟੀਮ ਵਿਚ ਸੱਭ ਤੋਂ ਵੱਧ ਸਕੋਰ ਬਣਾਉਣ ਵਾਲਾ ਆਰਚਰ ਵੀ ਬਣਿਆ। ਇਸੇ ਤਰ੍ਹਾਂ ਯੂਨੀਵਰਸਿਟੀ ਦੇ ਖਿਡਾਰੀ ਸੁਧਾਕਰ ਪਾਸਵਾਨ ਨੇ ਮਿਤੀ 13-20 ਅਕਤੂਬਰ ਨੂੰ China ਵਿਖੇ ਹੋਈ World 2013 Youth Archery Championship ਦੀ Compound team event ਵਿਚ ਤੀਜਾ ਸਥਾਨ ਹਾਸਲ ਕੀਤਾ।

**ਸਿੰਡੀਕੇਟ ਨੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।**

**ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

21. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਵਿੱਤ ਕਮੇਟੀ ਦੀ ਇੱਕਤਰਤਾ ਮਿਤੀ 21.10.2013 ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ।**

22. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਿੱਤ ਕਮੇਟੀ ਦੀ ਇੱਕਤਰਤਾ ਮਿਤੀ 21.10.2013 ਦੀਆਂ ਸਿਫ਼ਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

| | |
|---|---|
| ਰੈਗੂਲੇਸ਼ਨਜ਼ ਕਮੇਟੀ ਦੀ ਇੱਕਤਰਤਾ ਮਿਤੀ 14.10.2013 ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ। | 23. ਵਿਚਾਰ ਉਪਰੰਤ<br><br>**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀ ਇੱਕਤਰਤਾ ਮਿਤੀ 14.10.2013 ਦੀਆਂ ਸਿਫ਼ਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ। |
| ਸਟੈਂਡਿੰਗ ਕਮੇਟੀ ਆਨ ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਦੀ ਇੱਕਤਰਤਾ ਮਿਤੀ 7.10.2013 ਦੀਆਂ ਸਿਫਾਰਸ਼ਾਂ ਦੀ ਪਰਵਾਨਗੀ। | 24. ਵਿਚਾਰ ਉਪਰੰਤ<br><br>**ਪਾਸ ਹੋਇਆ** ਕਿ ਸਟੈਂਡਿੰਗ ਕਮੇਟੀ ਆਨ ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਦੀ ਇੱਕਤਰਤਾ ਮਿਤੀ 7.10.2013 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ। |
| ਬੀ.ਏ. (ਆਨਰਜ਼) ਸਮੈਸਟਰ ਪਹਿਲਾ ਦੇ ਇਕ ਵਿਦਿਆਰਥੀ ਵੱਲੋਂ ਸੀਟ ਛੱਡ ਜਾਣ ਕਾਰਣ ਉਡੀਕ ਸੂਚੀ ਵਿਚੋਂ ਅਗਲੇ ਬਣਦੇ ਯੋਗ ਵਿਦਿਆਰਥੀ- ਪੰਕਜ ਜੋਸ਼ੀ ਨੂੰ ਲੇਟ ਫੀਸ ਨਾਲ ਦਾਖਲੇ ਦੀ ਪੁਸ਼ਟੀ। | 25. ਵਿਚਾਰ ਉਪਰੰਤ<br><br>**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਬੀ.ਏ. (ਆਨਰਜ਼) ਸਮੈਸਟਰ ਪਹਿਲਾ ਦੇ ਇਕ ਵਿਦਿਆਰਥੀ ਵੱਲੋਂ ਸੀਟ ਛੱਡ ਜਾਣ ਕਾਰਣ ਉਡੀਕ ਸੂਚੀ ਵਿਚੋਂ ਅਗਲੇ ਬਣਦੇ ਯੋਗ ਵਿਦਿਆਰਥੀ- ਪੰਕਜ ਜੋਸ਼ੀ ਦਾ 5000/- ਰੁਪਏ ਲੇਟ ਫੀਸ ਨਾਲ ਦਾਖਲਾ ਪਰਵਾਨ ਕੀਤਾ ਹੈ। |
| ਗੁਰੂ ਨਾਨਕ ਦੇਵ ਯੂਨੀਵਰਸਿਟੀ ਸਪੋਰਟਸ ਕਮੇਟੀ (ਮੈਨ) ਅਤੇ ਸਪੋਰਟਸ ਕਮੇਟੀ (ਵੂਮੈਨ) ਦੀਆਂ ਮਿਤੀ 25.9.2013 ਦੀਆਂ ਸਿਫਾਰਸ਼ਾਂ ਦੀ ਪਰਵਾਨਗੀ। | 26. ਵਿਚਾਰ ਉਪਰੰਤ<br><br>**ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਸਪੋਰਟਸ ਕਮੇਟੀ (ਮੈਨ) ਅਤੇ ਸਪੋਰਟਸ ਕਮੇਟੀ (ਵੂਮੈਨ) ਦੀਆਂ ਮਿਤੀ 25.9.2013 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ। |
| ਭੁਪਿੰਦਰ ਸਿੰਘ ਦਾ ਬੀ.ਐਡ. ਦਾ ਨਤੀਜਾ ਮੁੜ-ਬਹਾਲ ਕਰਨ ਦੀ ਪੁਸ਼ਟੀ। | 27. ਵਿਚਾਰ ਉਪਰੰਤ<br><br>**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਭੁਪਿੰਦਰ ਸਿੰਘ ਪੁੱਤਰ ਸ. ਸਾਧਾ ਸਿੰਘ, ਚਵਿੰਡਾ ਖੁਰਦ, ਤਹਿਸੀਲ ਅਜਨਾਲਾ (ਅੰਮ੍ਰਿਤਸਰ), ਜਿਸ ਵੱਲੋਂ ਧੋਖੇਬਾਜੀ (fraudulently) ਨਾਲ ਅਨੁਸੂਚਿਤ ਜਾਤੀ ਦੇ ਸਰਟੀਫਿਕੇਟ ਦੀ ਵਰਤੋਂ ਕਰਕੇ ਬੀ.ਐਡ. ਕਰਨ ਅਤੇ ਅਧਿਆਪਕ ਵਜੋਂ ਸਰਕਾਰੀ ਨੌਕਰੀ ਕਰਨ ਬਾਰੇ ਪੁੱਜੀ ਸ਼ਿਕਾਇਤ ਕਾਰਣ ਪੜਤਾਲੀਆ ਰਿਪੋਰਟ ਨੂੰ ਮੁੱਖ ਰੱਖਦਿਆਂ ਸਿੰਡੀਕੇਟ ਦੀ ਇੱਕਤਰਤਾ ਮਿਤੀ 4.9.2012 ਦੇ ਪੈਰਾ 46 ਦੇ ਆਧਾਰ 'ਤੇ ਉਸ ਦਾ ਬੀ.ਐਡ. ਦਾ ਨਤੀਜਾ ਰੱਦ ਕੀਤਾ ਗਿਆ ਸੀ, ਦਾ ਨਤੀਜਾ ਮੁੜ-ਬਹਾਲ ਕੀਤਾ ਹੈ। |

ਸ੍ਰੀ ਪਵਨ ਕੁਮਾਰ, ਸੀਨੀਅਰ ਐਡਵੋਕੇਟ ਨੂੰ **Harmeet Singh Sandhu Vs. GNDU & Others** ਦੀ ਪੈਰਵੀ ਹਿਤ 55000/- ਰੁਪਏ **(Consolidated)** ਫੀਸ ਦੇਣ ਦੀ ਪੁਸ਼ਟੀ।

28. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਪਵਨ ਕੁਮਾਰ, ਸੀਨੀਅਰ ਐਡਵੋਕੇਟ, ਮਕਾਨ ਨੰ: 246, ਸੈਕਟਰ 17, ਪੰਚਕੂਲਾ ਨੂੰ LPA No. 358-2013- Harmeet Singh Sandhu Vs. GNDU & Others ਦੀ ਪੈਰਵੀ ਹਿਤ 55000/- ਰੁਪਏ (Consolidated) ਫੀਸ ਦੇਣ ਦੀ ਆਗਿਆ ਦਿੱਤੀ ਹੈ।

ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਅਧੀਨ ਸੈਸ਼ਨ 2013-14 ਵਿਚ ਐਸੋਸੀਏਟ ਇੰਸਟੀਚਿਊਟਸ ਅਤੇ ਉਨ੍ਹਾਂ ਨੂੰ ਅਲਾਟ ਕੀਤੇ ਕੋਰਸਾਂ ਦੀ ਪਰਵਾਨਗੀ।

29. ਵਿਚਾਰ ਉਪਰੰਤ

**ਪਾਸ ਹੋਇਆ** ਕਿ ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਅਧੀਨ ਸੈਸ਼ਨ 2013-14 ਵਿਚ ਐਸੋਸੀਏਟ ਇੰਸਟੀਚਿਊਟਸ (ਸਮੇਤ 13 ਨਵੇਂ ਐਸੋਸੀਏਟ ਇੰਸਟੀਚਿਊਟਸ) ਅਤੇ ਉਨ੍ਹਾਂ ਨੂੰ ਅਲਾਟ ਕੀਤੇ ਕੋਰਸ (**ਅੰਤਿਕਾ** ਅਨੁਸਾਰ) ਪਰਵਾਨ ਕੀਤੇ ਜਾਂਦੇ ਹਨ।

ਸ੍ਰੀ ਕ੍ਰਿਸ਼ਨਪਾਲ ਸਿੰਘ, ਜੂਨੀਅਰ ਟੈਕਨੀਸ਼ੀਅਨ (ਸੇਵਾ-ਮੁਕਤ), ਮਨੋਵਿਗਿਆਨ ਵਿਭਾਗ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

30. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਕ੍ਰਿਸ਼ਨਪਾਲ ਸਿੰਘ, ਜੂਨੀਅਰ ਟੈਕਨੀਸ਼ੀਅਨ (ਸੇਵਾ-ਮੁਕਤ), ਮਨੋਵਿਗਿਆਨ ਵਿਭਾਗ ਦੀ ਨਿਯੁਕਤੀ ਦੀ ਮਿਆਦ ਵਿਚ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ ਕੰਟ੍ਰੈਕਟ ਆਧਾਰ ਤੇ 17811/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਪਹਿਲੀਆਂ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ।

ਸਬੰਧਤ ਅਧਿਕਾਰੀ/ ਕਰਮਚਾਰੀਆਂ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧਾ।

31. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸ੍ਰੀ ਸੁਖਨੰਦਨ ਸਿੰਘ, ਉਪ-ਰਜਿਸਟਰਾਰ (ਸੇਵਾ-ਮੁਕਤ), ਜਿਸ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਮਿਤੀ 31.10.2013 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.11.2013 ਤੋਂ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਜਾਂਦਾ ਹੈ।

(ਅ) ਸ੍ਰੀ ਸਵਰਨ ਸਿੰਘ, ਇਲੈਕਟ੍ਰੀਸ਼ੀਅਨ ਗ੍ਰੇਡ-II (ਸੇਵਾ-ਮੁਕਤ), ਉਸਾਰੀ ਵਿਭਾਗ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ 6000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਜਾਂਦਾ ਹੈ।

(ੲ) ਸ੍ਰੀ ਰਾਮ ਅਵਧ, ਪੰਪ ਡਰਾਈਵਰ (ਸੇਵਾ-ਮੁਕਤ), ਉਸਾਰੀ ਵਿਭਾਗ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ 5000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਜਾਂਦਾ ਹੈ।

ਸਬੰਧਤ ਵਿਭਾਗਾਂ ਦਾ ਸਮਾਨ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।

32. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਕੰਪਿਊਟਰ ਸੈਂਟਰ ਵਿਖੇ 1727434.20/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 25.9.2013 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

(ਅ) ਸਿਹਤ ਕੇਂਦਰ ਵਿਖੇ 2187113/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 15.10.2013 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਐਮ-ਆਰਕੀਟੈਕਚਰ, ਤੀਜਾ-ਸਮੈਸਟਰ ਦੀ ਵਿਦਿਆਰਥਣ- ਬਲਬੀਰ ਕੌਰ ਨੂੰ 10000/- ਰੁਪਏ ਲੇਟ ਫੀਸ ਨਾਲ ਨਵੰਬਰ 2013 ਵਿਚ ਦਾਖਲੇ ਦੀ ਪੁਸ਼ਟੀ।

33. ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਐਮ-ਆਰਕੀਟੈਕਚਰ, ਤੀਜਾ-ਸਮੈਸਟਰ ਦੀ ਵਿਦਿਆਰਥਣ- ਬਲਬੀਰ ਕੌਰ, ਰੋਲ ਨੰ: 2011AB502 ਨੂੰ ਬਣਦੀ ਸਾਧਾਰਣ ਫੀਸ ਤੋਂ ਇਲਾਵਾ 10000/- ਰੁਪਏ ਲੇਟ ਫੀਸ ਨਾਲ ਨਵੰਬਰ 2013 ਵਿਚ ਦਾਖਲੇ ਦੀ ਆਗਿਆ ਦਿੱਤੀ ਹੈ।

ਅਨੁਸੂਚਿਤ ਜਾਤੀ/ ਜਨਜਾਤੀ **(Scheduled Caste/ Tribe)** ਨਾਲ ਸਬੰਧਤ ਵਿਅਕਤੀਆਂ ਨੂੰ ਗਰੁੱਪ ਏ,ਬੀ,ਸੀ ਅਤੇ ਡੀ ਦੀ ਸਿੱਧੀ ਭਰਤੀ ਦੀਆਂ ਅਸਾਮੀਆਂ ਤੇ ਨਿਯੁਕਤੀ ਲਈ 50% ਅਰਜੀ ਫੀਸ ਵਿਚ ਛੋਟ ਦੇਣ ਦੀ ਪੁਸ਼ਟੀ।

34. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਇਸ ਯੂਨੀਵਰਸਿਟੀ ਵਿਖੇ ਅਨੁਸੂਚਿਤ ਜਾਤੀ/ ਜਨਜਾਤੀ (Scheduled Caste/ Tribe) ਨਾਲ ਸਬੰਧਤ ਵਿਅਕਤੀਆਂ ਨੂੰ ਗਰੁੱਪ ਏ,ਬੀ,ਸੀ ਅਤੇ ਡੀ ਦੀ ਸਿੱਧੀ ਭਰਤੀ ਦੀਆਂ ਅਸਾਮੀਆਂ ਤੇ ਨਿਯੁਕਤੀ ਲਈ 50% ਅਰਜੀ ਫੀਸ ਦੀ ਛੋਟ ਦਿੱਤੀ ਹੈ।

ਸ੍ਰੀਮਤੀ ਭਾਰਤੀ ਗੁਪਤਾ, ਅਸਿਸਟੈਂਟ ਪ੍ਰੋਫੈਸਰ, ਗਣਿਤ, ਯੂਨੀਵਰਸਿਟੀ ਕਾਲਜ, ਜਲੰਧਰ ਦੇ ਅਸਤੀਫੇ ਦੀ ਪੁਸ਼ਟੀ।

35. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀਮਤੀ ਭਾਰਤੀ ਗੁਪਤਾ, ਅਸਿਸਟੈਂਟ ਪ੍ਰੋਫੈਸਰ, ਗਣਿਤ, ਯੂਨੀਵਰਸਿਟੀ ਕਾਲਜ, ਜਲੰਧਰ ਦਾ ਘਰੇਲੂ ਕਾਰਣਾਂ ਕਰਕੇ ਮਿਤੀ 14.10.2013 ਤੋਂ ਇਕ ਮਹੀਨੇ ਦੇ ਨੋਟਿਸ ਪੀਰੀਅਡ ਨਾਲ 15.11.2013 (ਬਾਅਦ ਦੁਪਹਿਰ) ਤੋਂ ਅਸਤੀਫਾ ਪਰਵਾਨ ਕੀਤਾ ਹੈ।

ਮਿਸ. ਰਵਰੀਤ ਕੌਰ, ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ ਦੀ ਅਸਾਧਾਰਣ ਬਿਨਾਂ ਤਨਖਾਹ ਛੁੱਟੀ ਦੀ ਪਰਵਾਨਗੀ।

36. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਸ. ਰਵਰੀਤ ਕੌਰ, ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ ਦੀ ਬੇਨਤੀ ਨੂੰ ਮੁੱਖ ਰੱਖਦਿਆਂ ਨਿੱਜੀ ਕਾਰਣਾਂ ਕਰਕੇ ਉਨ੍ਹਾਂ ਨੂੰ ਮਿਤੀ 4.11.2013 ਤੋਂ 31.1.2014 ਤੱਕ ਅਸਾਧਾਰਣ ਬਿਨਾਂ ਤਨਖਾਹ ਛੁੱਟੀ ਪਰਵਾਨ ਕੀਤੀ ਜਾਂਦੀ ਹੈ।

ਸਹਾਇਕ ਇੰਜੀਨੀਅਰਾਂ ਦੀ ਅਸਾਮੀ ਦੀ ਭਰਤੀ ਰੇਸ਼ੋ 50:50 ਕਰਨ ਸਬੰਧੀ।

37. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਦੇ ਪ੍ਰਮੋਸ਼ਨ ਸਬੰਧੀ ਨਵੇਂ ਨਿਯਮਾਂ ਅਨੁਸਾਰ ਉਸਾਰੀ ਵਿਭਾਗ ਵਿਖੇ ਸਹਾਇਕ ਇੰਜੀਨੀਅਰਾਂ ਦੀ ਅਸਾਮੀ ਦੀ ਭਰਤੀ ਸਬੰਧੀ ਨਿਯਮਾਂ ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ:-

| ਵਰਤਮਾਨ ਨਿਯਮ | ਤਜ਼ਵੀਜ਼ਸ਼ੁਦਾ ਨਿਯਮ |
|---|---|
| a) By promotion from amongst the Junior Engineers through Screening Committee on the basis of Seniority-Cum-Merit : 50% | (a) By promotion from amongst the Junior Engineers through Screening Committee on the basis of Seniority-Cum-Merit : 50% |
| **b) By Promotion through Selection from amongst the Junior Engineers by Selection-Cum-Screening Committee:50%** | **(b) 50% by direct recruitment through advertisement.** |

4,9,14 ਸਾਲ ਦੀ ਸੇਵਾ ਸਕੀਮ ਅਧੀਨ ਸਬੰਧਤ ਅਧਿਕਾਰੀਆਂ ਨੂੰ ਬਣਦਾ ਵਿੱਤੀ ਲਾਭ ਦੇਣ ਦੀ ਪਰਵਾਨਗੀ।

38. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 7/60/2006-5 ਪੀਪੀI/479 ਮਿਤੀ 22.7.2011 ਦੀ ਲਗਾਤਾਰਤਾ ਵਿਚ ਨੋਟੀਫਿਕੇਸ਼ਨ ਨੰ: 7/60/2006-5 ਪੀਪੀI/876 ਮਿਤੀ 20.12.2011 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ Assured Career Progression Scheme ਅਧੀਨ ਹੇਠ ਲਿਖੇ ਅਧਿਕਾਰੀਆਂ ਨੂੰ, ਉਨ੍ਹਾਂ ਦੇ ਨਾਵਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ 4,9,14 ਸਾਲ ਦੀ ਸੇਵਾ ਸਕੀਮ ਅਧੀਨ ਬਣਦਾ ਵਿੱਤੀ ਲਾਭ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਲੜੀ ਨੰ: | ਕਰਮਚਾਰੀ ਦਾ ਨਾਮ/ਅਹੁਦਾ | ਕੇਡਰ ਵਿੱਚ ਸਰਵਿਸ | ਜਿਸ ਮਿਤੀ ਤੋਂ ਇੰਕਰੀਮੈਂਟ ਦੇਣੀ ਹੈ/ ਇੰਕਰੀਮੈਂਟ ਦੀ ਰਕਮ(ਰੁ:) | ਬਣਦੀ ਬੇਸਿਕ ਤਨਖਾਹ(ਰੁ:) |
|---|---|---|---|---|
| 1. | ਸ੍ਰੀਮਤੀ ਕੰਵਲਜੀਤ ਕੌਰ, ਨਿੱਜੀ ਸਹਾਇਕ | 9 ਸਾਲਾ | 13.8.2013 ਤੋਂ 960/- | 27590+5400G.P. = 32990/- |
| 2. | ਸ੍ਰੀਮਤੀ ਸੰਤੋਸ਼ ਕੁਮਾਰੀ, ਨਿਗਰਾਨ | 4 ਸਾਲਾ | 1.10.2013 ਤੋਂ 790/- | 21500+5400G.P. =26900/- |

**ਬੀ.ਟੈਕ. (ECE) ਤੀਜੇ ਸਮੈਸਟਰ ਦੇ ਵਿਦਿਆਰਥੀ- ਨਵਜੋਤ ਸਿੰਘ ਨੂੰ ਵਿਸ਼ੇਸ਼ ਤੌਰ ਤੇ 10000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਪੁਸ਼ਟੀ।**

39. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਰਿਜਨਲ ਕੈਂਪਸ, ਗੁਰਦਾਸਪੁਰ ਵਿਖੇ ਬੀ.ਟੈਕ. (ECE) ਤੀਜੇ ਸਮੈਸਟਰ ਦੇ ਵਿਦਿਆਰਥੀ- ਨਵਜੋਤ ਸਿੰਘ ਨੂੰ ਵਿਸ਼ੇਸ਼ ਤੌਰ ਤੇ 10000/- ਰੁਪਏ ਲੇਟ ਫੀਸ ਨਾਲ ਦਾਖਲਾ ਦਿੱਤਾ ਹੈ।

**Regarding approval for the implementation of minimum qualifications as per the U.G.C./ N.C.T.E. Regulations for the teachers /faculty in Self Financed Education Colleges and the Government aided Education Colleges, in view of the Punjab Govt. notification dated 31-5-2013.**

40. Considered the matter about the implementation of the minimum qualifications as per the U.G.C./ N.C.T.E. Regulations for the teachers /faculty in Self Financed Education Colleges and in the Government aided Education Colleges, in view of the Punjab Government notification dated 31-5-2013.

The following note was also considered:

Note:- The qualifications for the Assistant Professors to be appointed in the Self Financed Education Colleges have been issued vide Punjab Government Notification No. 13/ 99/ 06-6edu.1 /58890 dated 31-5-2013 from the year 2013 onwards, according to which the candidates have been exempted from UGC-NET. Clarification has been sought about it from the Punjab Government as to whether these qualifications are only for the Self Financed Education Colleges or that these are also for the aided Colleges, but no reply has so far been received from the Punjab Government about it.

The Association of the Self Financed B. Ed. Colleges filed a writ petition ( C.W.P. No. 20421 of 2013 ) in the Hon'ble Punjab & Haryana High Court for implementing this notification, which has been decided on 16-9-2013. According to this decision, the University has been given time to take a conscious decision within two months about this notification, and directed to pass a speaking order.

The house took note of the observations of the Hon'ble High Court as recorded at the end of its said order dated 16-9-2013 in C.W.P. No. 20421 of 2013, that:

> "……This, however, is not to be construed as a legitimacy of the claim of the petitioner and it is entirely upon the respondents to consider and decide the claim of the petitioner."

The house also took a serious note of the fact that vide the said Punjab State Government Notification dated 31-5-2013, the minimum

essential qualifications prescribed by the N.C.T.E. in its statutory "National Council for Teacher Education ( Recognition, Norms & Procedure ) Regulations, 2009" framed under the NCTE Act, 1993 ( a Central Act No. 73 of 1993 ), and also those prescribed by the U.G.C. in its "University Grants Commission (Minimum Qualifications for appointment of Teachers and other Academic Staff in Universities and Colleges and other measures for the Maintenance of Standards of Higher Education ) Regulations, 2010 " framed under the U.G.C. Act, 1956 ( a Central Act No. 3 of 1956 ), have been drastically changed, as depicted below:

(1) In APPENDIX -4 ( Norms for B .Ed. Course) prescribed by the NCTE vide its said Regulations of 2009, the following provisions have been changed:

(i) The following Clauses 4(II)(ii)(a)(iii) OR 4(II)(ii)(a)(iii), and 4(II)(ii)(b)(iii), providing, inter alia, for the mandatory UGC NET / SLET /SET qualification **has been deleted**:

"(iii) Any other stipulation prescribed by the UGC / affiliating body /State Govt. from time to time for the positions of principal and lecturers shall be mandatory. "

(ii) The following Note (1) below Clause 4(II)(ii)(d) **has been deleted**:

"Note (1) At least one lecturer should have specialization in ICT and another in the special education. "

(2) In APPENDIX -5 ( Norms for M .Ed. Course) prescribed by the NCTE vide its said Regulations of 2009, the following provisions have been changed:

(i) The following Note (i) below Clause 4(II)(iii) for "Professor / Head" providing for relaxation of 5% marks in eligibility qualifications **has been added**:

"Note :
(i) A relaxation of 5% may be provided, from 55% to 50% of the marks to the Ph. D. Degree holders, who have obtained their Master Degree prior to 19th September, 1991. "

(ii) The following Clause 4(II)(ii) for "Lecturer / Assistant Professor " providing, inter alia, for the mandatory UGC NET / SLET /SET qualification **has been deleted**:

"(ii) Any other stipulation prescribed by the UGC / Affiliating Body /State Govt. from time to time for the positions of principal and lecturers shall

be mandatory. ”

(3) The following mandatory minimum eligibility condition laid down in paras 3.31, 4.4.0, & 4.4.1., by the UGC in the said UGC Regulations of 2010 have been deleted and rendered nugatory by the deletion of the clauses mentioned at Sr. No. (1)(i) for APPENDIX -4 ( for B .Ed. Course) & (2)(ii) for APPENDIX -5 ( for M .Ed. Course) mentioned above thereby deleting the same express provisions laid down in paras 4.4.7-A(ii)(a).3, OR 4.4.7-A(ii)(a) .3, and 4.4.7-A(ii)(b) .3-( for B.Ed.) and 4.4.7-B(iii)(b)- (for M.Ed.) of the said UGC Regulations of 2010:

“3.3.1. **NET / SLET /SET** shall remain the minimum eligibility condition for recruitment and appointment of Assistant Professor in Universities / Colleges /Institutions.”

“4.4.1. ii.

Besides fulfilling the above qualifications, the candidates must have cleared the National Eligibility Test ( **NET** ) conducted by the UGC, CSIR or similar test accredited by the UGC like **SLET /SET**. ”

It was also noted that in the same very notification dated 31-5-2013 of the Punjab Government, most interestingly, the following note-(ii) has been inserted at its end which in itself nullifies all the aforesaid amendments made by it therein and the claim made by the petitioner Association on the basis thereof contrary to the Regulations of the NCTE & UGC:

“(ii) The Management of the Self Financed Education Institutions should ensure that the staff to be recruited by them shall fulfil all the Qualifications prescribed by the National Council for Teacher Education for these posts.”

This fact also remains that this University is an independent and autonomous body corporate created under the Guru Nanak Dev University Amritsar Act, 1969 ( Pb. Act No. 21 of 1969 ) and, as such, the notifications of the State Government are not ipso facto binding on or applicable in it unless specifically adopted by it for implementation.

AFTER a thorough consideration of the whole matter, and keeping in view the aforesaid Regulations (2009) of the NCTE and the Regulations (2010) of the UGC which have been duly adopted and implemented in this University and which are legally mandatory for all concerned institutions / Universities / State Governments in the country to follow, and **by taking a conscious decision:**

**RESOLVED**:

**THAT** it is legally not possible to accept, adopt and implement the amended minimum essential qualifications for the Professor / Head, Assistant Professors and other teaching staff to be appointed from the year 2013 onwards in the Self Financed Education Colleges of Punjab, as laid down by the Punjab Government vide its aforesaid Notification No. 13/ 99/ 06-6edu.1 /58890 dated 31-5-2013 by changing the said qualifications as laid down by the NCTE and the UGC in their said Regulations. This is because all Education Colleges ( whether private /self-financed, or Government run or Government aided Colleges ) in the country are governed by the said common Regulations of the said two central regulatory bodies [NCTE and the UGC] as issued and notified by them under their respective Acts of Parliament, i.e., the NCTE Act, 1993, and the UGC Act, 1956, which cannot in law be changed, amended or overridden or rendered nugatory by the said executive notification dated 31-3-2013 of the Punjab State Government.

THEREFORE, further **RESOLVED**:

**THAT** the minimum essential qualifications prescribed by the N.C.T.E. in its said mandatory Regulations of 2009, and also those prescribed by the U.G.C. in its said mandatory Regulations of 2010, which have since been duly adopted and implemented in this University as notified to all concerned and as published on the University website, shall continue to govern all recruitments of all teaching faculty [ Professor / Head, Associate Professors and Assistant Professors ] and other staff in all the Education Colleges ( whether private /self-financed, or Government aided Colleges ) affiliated to this University.

AS SUCH, further **RESOLVED**:

**THAT** upon the foregoing thorough and conscious consideration in compliance of the aforesaid order dated 16-9-2013 of the Hon'ble High Court in C.W.P. No. 20421 of 2013, the claim of the Association of the Self Financed B. Ed. Colleges for implementing the said amended minimum essential qualifications for recruitment of Professor / Head, Assistant Professors and other teaching staff to be appointed from the year 2013 onwards for the B.Ed. /M.Ed. Courses in the Self Financed Education Colleges of Punjab, as laid down by the Punjab Government vide its aforesaid Notification No. 13/ 99/ 06-6edu.1 /58890 dated 31-5-2013, as contained in its representation dated 22-08-2013 ( being Annexure P-7 with its said C.W.P. No. 20421 of 2013 ), is hereby rejected as being not legitimate and also untenable in law.

ਅਧਿਆਪਕਾਂ ਦੀ ਤਰੱਕੀ ਲਈ ਵੱਖ-ਵੱਖ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

41. ਇਸ ਮੱਦ 'ਤੇ ਵਿਚਾਰ ਸਮੇਂ ਡਾ. ਵਿਨੈ ਕਪੂਰ ਨੇ ਇੱਕਤਰਤਾ ਵਿਚ ਭਾਗ ਨਹੀਂ ਲਿਆ।

ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਹੇਠਾਂ ਦਰਸਾਏ ਅਨੁਸਾਰ ਅਧਿਆਪਕਾਂ ਦੀ ਤੱਰਕੀ/ ਏ.ਆਈ.ਸੀ.ਟੀ.ਈ. ਦੀ ਪੁਰਾਣੀ ਸਕੀਮ ਅਧੀਨ ਸਲੈਕਸ਼ਨ ਗ੍ਰੇਡ ਵਿਚ

ਪਲੇਸਮੈਂਟ/ ਅਗਲੀ ਸਟੇਜ ਵਿਚ ਪਲੇਸਮੈਂਟ ਲਈ ਵੱਖ-ਵੱਖ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ **ਅੰਤਿਕਾਵਾਂ** ਅਨੁਸਾਰ ਉੱਤੇ ਵਿਚਾਰ ਹੋਈ:-

**<u>Promotions under Career Advancement Scheme</u>**

| | |
|---|---|
| 1. Professor, Law | Dr. Viney Kapoor, Associate Professor |
| | Dr. Rajinder Kumar, Associate Professor |
| 2. Professor, Zoology | Dr. Sanehdeep Kaur, Associate Professor |
| | Dr. Arvinder Kaur, Associate Professor |
| 3. Professor, Punjabi | Dr. Harjit Kaur, Associate Professor |

**<u>Placement in Selection Grade under AICTE (Old Scheme)</u>**

1. S. Bikramjit Singh, Asstt. Professor, Planning
2. Ms. Kirandeep Kaur, Asstt. Professor, Planning

**<u>Placement in the Next Stage</u>**

1. Dr. Sunita Sharma, Asstt. Professor in Hindi (Stage 1 to Stage 2)
2. Ms. Sarika, Asstt. Professor, Sports Medicine & Physiotherapy (Stage 1 to Stage 2)
3. Dr. Vipan Kumar, Asstt. Professor, Chemistry (Stage 1 to Stage 2)
4. Mrs. Rajinder Kaur, Asstt. Professor, Bot. & Env. Scs. (Stage 2 to Stage 3)
5. Ms. Harsandaldeep Kaur, Asstt. Professor, C.B.M. (Stage 1 to Stage 2)
6. Ms. Neena Bedi, Asstt. Professor, Pharm. Scs. (Stage 2 to Stage 3)
7. Dr. Harmeet Singh Sandhu, Asstt. Professor, Laws, RC, Jalandhar (Stage 2 to Stage 3)
8. S. Sarabjit Singh, Asstt, Professor, Computer Sc. & Engg., ASSM College, Mukandpur (Stage 1 to Stage 2)
9. Dr. Sheetal Kalra, Asstt. Professor, Computer Sc. & Engg., RC, Jalandhar (Stage 1 to Stage 2)
10. S. Harminder Singh, Asstt. Professor, Electronics & Communication, RC, Jalandhar (Stage 1 to Stage 2)
11. S. Butta Singh, Asstt. Professor, Electronics & Communication, RC, Jalandhar (Stage 1 to Stage 2)
12. Sh. Satish Kumar, Asstt. Librarian, Bhai Gurdas Library (Stage 1 to Stage 2)

ਪਾਸ ਹੋਇਆ ਕਿ-

(ੳ) ਯੂ.ਜੀ.ਸੀ. ਦੀ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਹੇਠਾਂ ਦਰਸਾਏ

ਅਧਿਆਪਕਾਂ ਨੂੰ ਉਨ੍ਹਾਂ ਦੇ ਨਾਵਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਪ੍ਰਮੋਟ ਕੀਤਾ ਜਾਂਦਾ ਹੈ:-

| | | |
|---|---|---|
| 1. | Dr. Rajinder Kumar, Associate Professor, Law | As Professor (Stage 5) Grade Rs.37400-67000+10000AGP from 25.9.2013 |
| 2. | Dr. Arvinder Kaur, Associate Professor, Zoology | As Professor (Stage 5) Grade Rs.37400-67000+10000 AGP from the date of eligibility |
| 3. | Dr. Harjit Kaur, Associate Professor, Punjabi | As Professor (Stage 5) Grade Rs.37400-67000+10000 AGP from the date of eligibility |

(ਅ) ਹੇਠਾਂ ਦਰਸਾਏ ਅਧਿਆਪਕਾਂ ਨੂੰ ਯੋਗ ਹੋਣ ਦੀ ਮਿਤੀ ਤੋਂ ਏ.ਆਈ.ਸੀ.ਟੀ.ਈ. ਦੀ ਪੁਰਾਣੀ ਸਕੀਮ ਅਧੀਨ ਸਕੈਲਸ਼ਨ ਗ੍ਰੇਡ ਵਿਚ ਪਲੇਸ ਕੀਤਾ ਜਾਂਦਾ ਹੈ:-

1. S. Bikramjit Singh, Lecturer, Planning
   Grade 12000-420-18300
2. Ms. Kirandeep Sandhu, Lecturer, Planning
   Grade 12000-420-18300

(ੲ) ਹੇਠਾਂ ਦਰਸਾਏ ਅਧਿਆਪਕਾਂ ਨੂੰ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਯੋਗ ਹੋਣ ਦੀ ਮਿਤੀ ਤੋਂ ਅਗਲੀ ਸਟੇਜ ਵਿਚ ਪਲੇਸ ਕੀਤਾ ਜਾਂਦਾ ਹੈ:-

| | |
|---|---|
| 1. Dr. Sunita Sharma, Asstt. Prof., Hindi | Stage I to Stage II in the scale of Rs. 15600-39100+7000 AGP |
| 2. Ms. Sarika, Asstt. Prof., Sports Medicine & Physiotherapy | Stage I to Stage II in the scale of Rs. 15600-39100+7000 AGP |
| 3. Dr. Vipan Kumar, Asstt. Prof., Chemistry | Stage I to Stage II in the scale of Rs. 15600-39100+7000 AGP |
| 4. Mrs. Rajiner Kaur, Asstt. Prof., Bot. & Env. Scs. | Stage II to Stage III in the scale of Rs. 15600-39100+8000 AGP |
| 5. Ms. Harsandaldeep Kaur, Asstt. Prof., Commerce & Business Management | Stage I to Stage II in the scale of Rs. 15600-39100+7000 AGP |
| 6. Dr. Neena Bedi, Asstt. Prof., Pharmaceutical Sceinces | Stage II to Stage III in the scale of Rs. 15600-39100+8000 AGP |
| 7. Dr. Harmeet Singh Sandhu, Asstt. Prof., Laws, RC, Jalandhar. | Stage II to Stage III in the scale of Rs. 15600-39100+8000 AGP |
| 8. S.Sarabjit Singh , Asstt. Prof., Comp. Sc. & Engg., ASSM College. Mukandpur | Stage I to Stage II in the scale of Rs. 15600-39100+7000 AGP |
| 9. Dr. Sheetal Kalra, Asstt. Prof., Comp. Sc. & Engg., RC, Jalandhar | Stage I to Stage II in the scale of Rs. 15600-39100+7000 AGP |
| 10. S. Harminder Singh, Asstt. Prof., Electronics & Communication, RC, Jalandhar. | Stage I to Stage II in the scale of Rs. 15600-39100+7000 AGP |

| | |
|---|---|
| 11. Dr. Butta Singh, Asstt. Prof., Electronics & Communication, RC, Jalandhar. | Stage I to Stage II in the scale of Rs. 15600-39100+7000 AGP |
| 12. Sh. Satish Kumar, Asstt. Librarian, Bhai Gurdas Library | Stage I to Stage II in the scale of Rs. 15600-39100+7000 AGP |

ਇਹ **ਨੋਟ ਕੀਤਾ** ਕਿ ਚੋਣ ਕਮੇਟੀ ਨੇ ਕ੍ਰਮ ਨੰ: 1 ਉੱਤੇ ਡਾ. ਵਿਨੈ ਕਪੂਰ ਅਤੇ ਕ੍ਰਮ ਨੰ: 2 ਉੱਤੇ ਡਾ. ਸਨੇਹਦੀਪ ਕੌਰ ਦੀ ਪ੍ਰੋਫੈਸਰ ਵਜੋਂ ਪ੍ਰਮੋਸ਼ਨ ਦੀ ਸਿਫਾਰਸ਼ ਨਹੀਂ ਕੀਤੀ।

**ਸਬੰਧਤ ਉਮੀਦਵਾਰਾਂ ਨੂੰ ਪੀਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

42. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਰਜਿੰਦਰ ਕੌਰ | Growth, Biochemical and Antimutagenic Studies on Chlorophytum borivilianum Sant. et Fernand | ਬੋਟਾਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼-ਲਾਈਫ ਸਾਇੰਸਜ਼ ਫੈਕਲਟੀ। |
| 2. | ਕਵਿਤਾ | Study of Academic Performance of Prospective Teachers in Relation to Achievement Motivation, Emotional Intelligence and Creativity. | ਐਜੂਕੇਸ਼ਨ-ਐਜੂਕੇਸ਼ਨ ਫੈਕਲਟੀ। |
| 3. | ਦਵਿੰਦਰ ਕੌਰ | Development of In Vitro Strategies for Conservation of Dendrocalamus hamiltonii Nees et Arn. ex Munro. | ਬਾਇਓਟੈਕਨਾਲੋਜੀ-ਲਾਈਫ ਸਾਇੰਸਜ਼ ਫੈਕਲਟੀ। |
| 4. | ਅਵਦੇਸ਼ ਕੁਮਾਰ ਪਾਲ | Introduction of Genes for Stress Tolerence and their Expression Studies in Potato (Solanum tuberosum L.cv. Kufri Sutlej) | - ਉਹੀ - |
| 5. | ਰੇਨੂੰ ਮੋਤੀ | Some Potential Anticancer Agents from Plants; with Special Emphasis on Acacia nilotica, Nardostachys Jatamansi and Caryptolepis Buchanani. | - ਉਹੀ - |
| 6. | ਜਸਬੀਰ ਸਿੰਘ | Studies on Enhancing Oral Bioavailability of Insulin. | ਫਾਰਮਾਸਿਊਟੀਕਲ ਸਾਇੰਸਜ਼-ਲਾਈਫ ਸਾਇੰਸਜ਼ ਫੈਕਲਟੀ। |
| 7. | ਨਵਜੀਤ ਕੌਰ | Irradiation and Thermal Response of Some Micaceous Minerals. | ਫਿਜ਼ਿਕਸ-ਸਾਇੰਸਜ਼ ਫੈਕਲਟੀ। |
| 8. | ਵਰੁਣ ਵਿਜ | Hexaarylbenzene and Hexa-peri-hexabanzocoronene Based Molecules: Synthesis, sef-assembly and Sensing Applications. | ਕੈਮਿਸਟਰੀ-ਸਾਇੰਸਜ਼ ਫੈਕਲਟੀ। |

ਸਬੰਧਤ ਅਧਿਆਪਕ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੀ ਪੁਸ਼ਟੀ।

43. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕ ਨੂੰ, ਉਸ ਦੇ ਨਾਮ ਅੱਗੇ ਦਰਸਾਏ ਵੇਰਵੇ ਅਨੁਸਾਰ ਕਾਨਫਰੰਸ ਵਿਚ ਭਾਗ ਲੈਣ ਲਈ ਕੁਲ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ XIIth Plan Period ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਦੀ ਪਰਵਾਨਗੀ ਦਿੱਤੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ | ਕਾਨਫਰੰਸ ਬਾਰੇ ਵੇਰਵਾ |
|---|---|---|
| 1. | ਡਾ. ਏ.ਜੇ.ਐਸ. ਭੰਵਰ, ਪ੍ਰੋਫੈਸਰ, ਹਿਊਮਨ ਜੈਨੇਟਿਕਸ ਵਿਭਾਗ | For attending 63rd American Society of Human Genetics Annual Meeting to be held in Boston, Massachusetts (USA) from 22-26 October, 2013. |

ਡਾ. ਇੰਦਰਜੀਤ ਸਿੰਘ, ਰਜਿਸਟਰਾਰ ਦੀ ਨਿਯੁਕਤੀ ਦੀ ਮਿਆਦ ਵਿਚ ਵਾਧਾ।

44. ਇਸ ਮੱਦ 'ਤੇ ਵਿਚਾਰ ਸਮੇਂ ਰਜਿਸਟਰਾਰ ਸਾਹਿਬ ਨੇ ਇੱਕਤਰਤਾ ਵਿਚ ਭਾਗ ਨਹੀਂ ਲਿਆ।

ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਹੋਈ ਕਿ ਡਾ. ਇੰਦਰਜੀਤ ਸਿੰਘ, ਰਜਿਸਟਰਾਰ, ਜਿਨ੍ਹਾਂ ਦੀ ਵਰਤਮਾਨ ਨਿਯੁਕਤੀ ਦੀ ਮਿਆਦ ਮਿਤੀ 26.10.2013 ਤੱਕ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਅਗਲੇ ਆਦੇਸ਼ਾਂ ਤੱਕ ਜਾਂ ਉਨ੍ਹਾਂ ਦੀ Superannuation (60 ਸਾਲ ਦੀ ਉਮਰ ਹੋਣ) ਤੱਕ ਵਾਧਾ ਕੀਤਾ ਜਾਵੇ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

ਨੋਟ:- ਯੂਨੀਵਰਸਿਟੀ ਕੈਲੰਡਰ 1999, ਜਿਲਦ ਪਹਿਲੀ ਦੇ ਪੰਨਾ 26 'ਤੇ ਸਟੈਚਿਊਟ 25 ਹੇਠ ਲਿਖੇ ਅਨੁਸਾਰ ਹੈ:-

"The Syndicate may re-appoint the same person as the Registrar after the expiry of the original term of four years, and in every such case the person shall hold appointment subject to the power of the Syndicate to terminate the engagement on giving six months notice to him in writing. In the event of re-appointment of the same person as the Registrar, his service from the date of the first appointment shall be deemed continuous."

**ਪਾਸ ਹੋਇਆ** ਕਿ ਡਾ. ਇੰਦਰਜੀਤ ਸਿੰਘ, ਰਜਿਸਟਰਾਰ, ਜਿਨ੍ਹਾਂ ਦੀ ਵਰਤਮਾਨ ਨਿਯੁਕਤੀ ਦੀ ਮਿਆਦ ਮਿਤੀ 26.10.2013 ਤੱਕ ਹੈ, ਦੀ ਨਿਯੁਕਤੀ ਦੀ ਮਿਆਦ ਵਿਚ Superannuation (60 ਸਾਲ ਦੀ ਉਮਰ ਹੋਣ) ਤੱਕ ਵਾਧਾ ਕੀਤਾ ਜਾਂਦਾ ਹੈ।

Dr. N. Muthumohan, ਪ੍ਰੋਫੈਸਰ (ਰਿਟਾ.), ਗੁਰੂ ਨਾਨਕ ਸਟੱਡੀਜ਼ ਵਿਭਾਗ, ਮਦੁਰਾਏ ਕਾਮਰਾਜ ਯੂਨੀਵਰਸਿਟੀ ਦੀ ਸੈਂਟਰ ਆਨ ਸਟੱਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਨਿਯੁਕਤੀ।

45. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ Dr. N. Muthumohan, ਪ੍ਰੋਫੈਸਰ (ਰਿਟਾ.), ਗੁਰੂ ਨਾਨਕ ਸਟੱਡੀਜ਼ ਵਿਭਾਗ, ਮਦੁਰਾਏ ਕਾਮਰਾਜ ਯੂਨੀਵਰਸਿਟੀ ਨੂੰ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਣਯੋਗ ਤਨਖਾਹ 'ਤੇ 15.11.2013 ਤੋਂ 11 ਮਹੀਨੇ ਲਈ ਕੰਟ੍ਰੈਕਟ ਆਧਾਰ 'ਤੇ ਪ੍ਰੋਫੈਸਰ ਵਜੋਂ ਸੈਂਟਰ ਆਨ ਸਟੱਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਨਿਯੁਕਤ ਕੀਤਾ ਜਾਂਦਾ ਹੈ।

ਯੂਨੀਵਰਸਿਟੀ ਵਿਖੇ ਕੰਮ ਕਰ ਰਹੇ ਕਰਮਚਾਰੀਆਂ ‘ਤੇ ESI ਸਕੀਮ ਲਾਗੂ ਕਰਨ ਦੀ ਪਰਵਾਨਗੀ।

46. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਇਸ ਯੂਨੀਵਰਸਿਟੀ ਵਿਖੇ ਕੰਮ ਕਰ ਰਹੇ ਕਰਮਚਾਰੀਆਂ ‘ਤੇ ESI ਸਕੀਮ ਲਾਗੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

(ਅ) ਉਕਤ (ੳ) ਅਧੀਨ ਸਕੀਮ ਲਾਗੂ ਕਰਨ ਲਈ ਪ੍ਰਬੰਧਕੀ ਆਦੇਸ਼ਾਂ ਦੀ ਜਰੂਰਤ ਪੈਣ ‘ਤੇ ਉਪ-ਕੁਲਪਤੀ ਸਾਹਿਬ ਨੂੰ ਅਧਿਕਾਰ ਦਿੱਤੇ ਜਾਂਦੇ ਹਨ।।

ਸ੍ਰੀ ਚੰਦਾ ਸਿੰਘ (ਸੇਵਾ-ਮੁਕਤ) ਸਹਾਇਕ ਰਜਿਸਟਰਾਰ/ ਓ.ਐਸ.ਡੀ., ਨੂੰ ਉਨ੍ਹਾਂ ਦੇ ਜੀ.ਪੀ.ਐਫ. ਖਾਤੇ ‘ਤੇ ਵਿਆਜ ਵਜੋਂ ਬਣਦੀ ਰਾਸ਼ੀ ਅਦਾ ਕਰਨ ਦੀ ਪਰਵਾਨਗੀ।

47. ਵਿਚਾਰ ਉਪਰੰਤ

**ਪਾਸ ਹੋਇਆ** ਕਿ ਆਡਿਟ ਇਤਰਾਜ ਦੀ ਪੂਰਤੀ ਲਈ ਸ੍ਰੀ ਚੰਦਾ ਸਿੰਘ (ਸੇਵਾ-ਮੁਕਤ) ਸਹਾਇਕ ਰਜਿਸਟਰਾਰ/ ਓ.ਐਸ.ਡੀ., ਨੂੰ ਉਨ੍ਹਾਂ ਦੇ ਜੀ.ਪੀ.ਐਫ. ਖਾਤੇ ‘ਤੇ ਅਗਸਤ 2007 ਤੋਂ ਵਿਆਜ ਵਜੋਂ ਬਣਦੀ 260195/- ਰੁਪਏ ਦੀ ਰਾਸ਼ੀ ਅਦਾ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਬੀ.ਸੀ.ਏ. ਭਾਗ ਦੂਜਾ, ਅਪ੍ਰੈਲ 2013 ਦੇ ਵਿਦਿਆਰਥੀ- ਰਾਹਿਲ ਕਪੂਰ ਨੂੰ ਤਿੰਨ ਸਾਲ ਲਈ ਪ੍ਰੀਖਿਆ ਦੇਣ ਤੋਂ ਆਯੋਗ ਕਰਾਰ ਦੇਣ ‘ਤੇ ਉਸ ਵੱਲੋਂ ਕੀਤੀ ਰਿਟ ਪਟੀਸ਼ਨ ਦੇ ਆਦੇਸ਼ਾਂ ਸਬੰਧੀ।

48. ਯੂਨੀਵਰਸਿਟੀ ਪ੍ਰੀਖਿਆਵਾਂ ਦੌਰਾਨ ਅਣਉਚਿਤ ਸਾਧਨਾਂ ਦੀ ਵਰਤੋਂ ਸਬੰਧੀ ਯੂਨੀਵਰਸਿਟੀ ਦੀ ਸਟੈਂਡਿੰਗ ਕਮੇਟੀ ਦੀ ਰਿਪੋਰਟ ਮਿਤੀ 29.7.2013 ਦੇ ਆਧਾਰ ‘ਤੇ ਬੀ.ਸੀ.ਏ. ਭਾਗ ਦੂਜਾ, ਅਪ੍ਰੈਲ 2013 ਦੇ ਵਿਦਿਆਰਥੀ- ਰਾਹਿਲ ਕਪੂਰ, ਰੋਲ ਨੰ:92013070092 ਵੱਲੋਂ C++ (oop Language)-IV ਦੀ ਪ੍ਰੀਖਿਆ ਦੌਰਾਨ ਨਕਲ ਕਰਨ, ਫਲਾਇੰਗ ਸਕੁਐਡ ਨੂੰ ਧਮਕਾਉਣ ਅਤੇ ਉੱਤਰ-ਪੱਤਰੀ damage ਕਰਨ ਕਰਕੇ ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ ‘ਤੇ ਅਧਿਆਦੇਸ਼ 10(j),(d),q(i) ਅਤੇ (ii) ਸਮੇਤ ਅਧਿਆਦੇਸ਼ 11.1(b ਅਤੇ f) ਅਧੀਨ ਯੂਨੀਵਰਸਿਟੀ ਦੀ ਕੋਈ ਵੀ ਪ੍ਰੀਖਿਆ ਦੇਣ ਲਈ ਤਿੰਨ ਸਾਲ ਵਾਸਤੇ ਯੂਨੀਵਰਸਿਟੀ ਵੱਲੋਂ ਅਯੋਗ ਕਰਾਰ ਦੇਣ ਕਾਰਣ ਪ੍ਰੀਖਿਆਰਥੀ ਵੱਲੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਵਿਚ ਕੀਤੀ CWP No.21787 of 2013 ਉੱਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਮਿਤੀ 1.10.2013 ਨੂੰ ਕੀਤੇ ਆਦੇਸ਼ਾਂ ਨੂੰ ਮੁੱਖ ਰੱਖਦਿਆਂ ਸਟੈਂਡਿੰਗ ਕਮੇਟੀ ਦੀ ਦੁਬਾਰਾ ਇੱਕਤਰਤਾ ਮਿਤੀ 20.10.2013 ਵਿਚ ਸਟੈਂਡਿੰਗ ਕਮੇਟੀ ਵੱਲੋਂ cross examination ਕਰਦਿਆਂ, ਕੇਸ ਵਿਚ ਕੋਈ ਨਵੇਂ ਤੱਥ ਨਾਂ ਹੋਣ ਕਾਰਣ ਪੂਰੀ ਪੜਤਾਲ ਉਪਰੰਤ ਸਟੈਂਡਿੰਗ ਕਮੇਟੀ ਦੀ ਹੇਠ ਲਿਖੀ ਸਿਫਾਰਸ਼ ‘ਤੇ ਵਿਚਾਰ ਹੋਈ:-

> “ It is pertinent to mention that **the candidate is liable to be awarded the puinishment upto 5 years and not less than two years, but taking a lenient view the committee had awarded punishment of three years only.”**

ਹੇਠ ਲਿਖੇ ਨੋਟ ‘ਤੇ ਵੀ ਵਿਚਾਰ ਹੋਈ:-

ਨੋਟ: ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਹੇਠ ਲਿਖੇ ਅਨੁਸਾਰ ਆਦੇਸ਼ ਕੀਤੇ ਗਏ ਸਨ:-

“ After hearing learned counsel for the petitioner and keeping in view the facts and circumstances stated here-in-above the present writ petition is disposed of with a direction to the Vice-Chancellor of the Guru Nanak Dev University, Amritsar to decide the appeal of the petitioner, filed by him on 11.9.2013, on or before 7.10.2013. The Petitioner may, if so advised, challenge the impugned order thereafter in

accordance with law.”

**ਪਾਸ ਹੋਇਆ** ਕਿ ਯੂਨੀਵਰਸਿਟੀ ਪ੍ਰੀਖਿਆਵਾਂ ਦੌਰਾਨ ਅਣਉਚਿਤ ਸਾਧਨਾਂ ਦੀ ਵਰਤੋਂ ਸਬੰਧੀ ਯੂਨੀਵਰਸਿਟੀ ਦੀ ਸਟੈਂਡਿੰਗ ਕਮੇਟੀ ਦੀ ਰਿਪੋਰਟ ਮਿਤੀ 29.7.2013 ਦੇ ਆਧਾਰ ‘ਤੇ ਬੀ.ਸੀ.ਏ. ਭਾਗ ਦੂਜਾ, ਅਪ੍ਰੈਲ 2013 ਦੇ ਵਿਦਿਆਰਥੀ- ਰਾਹਿਲ ਕਪੂਰ, ਰੋਲ ਨੰ:92013070092 ਵੱਲੋਂ C++ (oop Language)-IV ਦੀ ਪ੍ਰੀਖਿਆ ਦੌਰਾਨ ਨਕਲ ਕਰਨ, ਫਲਾਇੰਗ ਸਕੂਐਡ ਨੂੰ ਧਮਕਾਉਣ ਅਤੇ ਉੱਤਰ-ਪੱਤਰੀ damage ਕਰਨ ਕਰਕੇ ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ ‘ਤੇ ਅਧਿਆਦੇਸ਼ 10(j),(d),q(i),(ii) ਸਮੇਤ ਅਧਿਆਦੇਸ਼ 11.1(b ਅਤੇ f) ਅਧੀਨ ਯੂਨੀਵਰਸਿਟੀ ਦੀ ਕੋਈ ਵੀ ਪ੍ਰੀਖਿਆ ਦੇਣ ਲਈ ਤਿੰਨ ਸਾਲ ਵਾਸਤੇ ਯੂਨੀਵਰਸਿਟੀ ਵੱਲੋਂ ਅਯੋਗ(disqualify) ਕਰਾਰ ਦੇਣ ਕਾਰਣ ਪ੍ਰੀਖਿਆਰਥੀ ਵੱਲੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਵਿਚ ਕੀਤੀ CWP No.21787 of 2013 ਉੱਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਮਿਤੀ 1.10.2013 ਨੂੰ ਕੀਤੇ ਆਦੇਸ਼ਾਂ ਨੂੰ ਮੁੱਖ ਰੱਖਦਿਆਂ ਸਟੈਂਡਿੰਗ ਕਮੇਟੀ ਦੀ ਦੁਬਾਰਾ ਇੱਕਤਰਤਾ ਮਿਤੀ 20.10.2013 ਵਿਚ ਸਟੈਂਡਿੰਗ ਕਮੇਟੀ ਵੱਲੋਂ cross examination ਕਰਦਿਆਂ, ਕੇਸ ਵਿਚ ਕੋਈ ਨਵੇਂ ਤੱਥ ਨਾਂ ਹੋਣ ਕਾਰਣ ਪੂਰੀ ਪੜਤਾਲ ਉਪਰੰਤ ਸਟੈਂਡਿੰਗ ਕਮੇਟੀ ਦੀ ਹੇਠ ਲਿਖੀ ਸਿਫਾਰਸ਼ ਪਰਵਾਨ ਕੀਤੀ ਜਾਂਦੀ ਹੈ:-

> “ It is pertinent to mention that **the candidate is liable to be awarded the puinishment upto 5 years and not less than two years, but taking a lenient view the committee had awarded punishment of three years only.”**

ਵੱਖ-ਵੱਖ ਵਿਦਿਆਰਥੀਆਂ ਦਾ ਦਾਖਲਾ/ ਅਗਲੀਆਂ ਕਲਾਸਾਂ ਵਿਚ ਪ੍ਰਮੋਟ ਹੋ ਰਹੇ ਵਿਦਿਆਰਥੀਆਂ ਦਾ ਲੇਟ ਫੀਸ ਨਾਲ ਦਾਖਲਾ।

49. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ **ਅੰਤਿਕਾ** ਵਿਚ ਦਰਸਾਏ ਵੱਖ-ਵੱਖ ਵਿਦਿਆਰਥੀਆਂ ਦਾ ਦਾਖਲਾ/ ਅਗਲੀਆਂ ਕਲਾਸਾਂ ਵਿਚ ਪ੍ਰਮੋਟ ਹੋ ਰਹੇ ਵਿਦਿਆਰਥੀਆਂ ਦਾ ਦਾਖਲਾ 5000/- ਰੁਪਏ ਲੇਟ ਫੀਸ ਨਾਲ ਪਰਵਾਨ ਕੀਤਾ ਜਾਂਦਾ ਹੈ।

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

ਪੱਕੀ ਕੀਤੀ ਗਈ।

ਸਹੀ/-
(ਅ.ਸ. ਬਰਾੜ)
ਉਪ-ਕੁਲਪਤੀ